**ਪੰਜਾਬ ਸਰਕਾਰ**
**ਸਥਾਨਕ ਸਰਕਾਰ ਵਿਭਾਗ**
**(ਸਥਾਨਕ ਸਰਕਾਰ-1 ਸ਼ਾਖਾ)**
**(ਮਿਉਂਸਪਲ ਭਵਨ ਕੰਪਲੈਕਸ, ਪਲਾਟ ਨੰ: 3, ਸੈਕਟਰ 35-ਏ, ਚੰਡੀਗੜ੍ਹ)**

**ਅਧਿਸੂਚਨਾ**

**ਨੰ: 06/11/2021-2ਸਸ1/** 1603 **ਮਿਤੀ:ਚੰਡੀਗੜ੍ਹ:** 13/12/21

ਨਗਰ ਨਿਗਮ, ਐਸ.ਏ.ਐਸ. ਨਗਰ ਦੇ ਹਾਊਸ ਵੱਲੋਂ ਮਤਾ ਨੰ: 25 ਮਿਤੀ: 28.06.2021 ਰਾਹੀਂ ਨਗਰ ਨਿਗਮ ਐਸ.ਏ.ਐਸ. ਨਗਰ ਦੀਆਂ ਹੱਦਾਂ ਦੇ ਨਾਲ ਲਗਦੇ ਏਰੀਏ/ਪਿੰਡਾਂ/ਸੈਕਟਰਾਂ ਨੂੰ ਉਨ੍ਹਾਂ ਦੇ ਸਰਵਪੱਖੀ ਵਿਕਾਸ ਲਈ ਨਗਰ ਨਿਗਮ ਐਸ.ਏ.ਐਸ. ਨਗਰ ਦੀ ਹਦੂਦ ਅੰਦਰ ਲੈਣ ਦਾ ਫੈਸਲਾ ਕੀਤਾ ਗਿਆ। ਕਿਉਂਜੋ ਇਹ ਇਲਾਕੇ ਨਗਰ ਨਿਗਮ ਐਸ.ਏ.ਐਸ. ਨਗਰ ਦੀ ਹਦੂਦ ਦੇ ਨਾਲ ਲਗਦੇ ਹਨ, ਇਸ ਲਈ ਇਨ੍ਹਾਂ ਇਲਾਕਿਆਂ ਦਾ ਯੋਜਨਾਬੰਦ ਤਰੀਕੇ ਨਾਲ ਵਿਕਾਸ ਕਰਨ ਲਈ ਇਨ੍ਹਾਂ ਨੂੰ ਨਗਰ ਨਿਗਮ ਐਸ.ਏ.ਐਸ. ਨਗਰ ਦੀ ਹਦੂਦ ਅੰਦਰ ਸ਼ਾਮਿਲ ਕਰਨਾ ਜਰੂਰੀ ਸਮਝਿਆ ਗਿਆ ਹੈ।

2. ਇਸ ਲਈ ਪੰਜਾਬ ਮਿਉਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 03 ਅਧੀਨ ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ ਵੱਲੋਂ ਇਹ ਅਧਿਸੂਚਨਾ ਜਾਰੀ ਕਰਦੇ ਹੋਏ ਨਗਰ ਨਿਗਮ ਐਸ.ਏ.ਐਸ. ਨਗਰ ਦੀਆਂ ਨਵੀਆਂ ਹੱਦਾਂ ਸ਼ਡਿਊਲ ਆਫ ਬਾਊਂਡਰੀ ਵਿੱਚ ਦਰਸਾਏ ਅਨੁਸਾਰ ਨਿਰਧਾਰਿਤ ਕਰਨ ਦੀ ਤਜਵੀਜ ਹੈ। ਅਜਿਹਾ ਕਰਨ ਤੋਂ ਪਹਿਲਾਂ ਆਮ ਜਨਤਾ ਤੋਂ ਇਸ ਸਬੰਧੀ ਇਤਰਾਜ/ਸੁਝਾਓ ਮੰਗੇ ਜਾਂਦੇ ਹਨ, ਜਿਹੜੇ ਇਸ ਅਧਿਸੂਚਨਾ ਦੇ ਜਾਰੀ ਹੋਣ ਦੀ ਮਿਤੀ: ਤੋਂ 30 ਦਿਨਾਂ ਦੇ ਅੰਦਰ-ਅੰਦਰ ਕਮਿਸ਼ਨਰ ਨਗਰ ਨਿਗਮ ਐਸ.ਏ.ਐਸ. ਨਗਰ ਕੋਲ ਪੁੱਜਦੇ ਕੀਤੇ ਜਾਣ। ਇਨ੍ਹਾਂ ਇਤਰਾਜਾਂ ਨੂੰ ਵਿਚਾਰਨ ਉਪਰੰਤ ਹੱਦਾਂ ਵਿੱਚ ਵਾਧੇ ਸਬੰਧੀ ਅੰਤਿਮ ਫੈਸਲਾ ਕੀਤਾ ਜਾਵੇਗਾ।

**ਸ਼ਡਿਊਲ ਆਫ ਬਾਉਂਡਰੀ।**

ਉੱਤਰ-ਪੂਰਬੀ:- ਪੁਆਇੰਟ **'ੳ'** ਜੋ ਕਿ ਨਗਰ ਨਿਗਮ ਦੀ ਮੌਜੂਦਾ ਹਦੂਦ ਵਿੱਚ ਪੈਂਦੇ ਸੈਕਟਰ 56-ਏ ਦੇ ਉੱਤਰੀ ਕੋਨੇ ਤੇ ਸਥਿਤ ਹੈ ਤੋਂ ਮੌਜੂਦਾ ਲਿਮਟ ਜੋ ਕਿ ਚੰਡੀਗੜ੍ਹ (ਯੂ.ਟੀ.) ਅਤੇ ਐਸ.ਏ.ਐਸ. ਨਗਰ (ਮੋਹਾਲੀ) ਸ਼ਹਿਰ ਦੀ ਬਾਉਂਡਰੀ ਹੈ ਤੇ ਪੂਰਬੀ ਦਿਸ਼ਾ ਵੱਲ ਵੱਧਦੇ ਹੋਏ ਅਤੇ ਐਸ.ਏ.ਐਸ.ਨਗਰ (ਮੋਹਾਲੀ) ਦੇ ਸੈਕਟਰ 56 (ਏ), 56, 55, 54, 53, 52, 61, 51, 62, 63, 50, 49, 64 ਅਤੇ 65 ਦੀ ਉੱਤਰ-ਪੂਰਬੀ ਬਾਹੀ ਤੋਂ ਚੱਲਦੇ ਹੋਏ, ਫਿਰ ਸੈਕਟਰ -48 ਦਾ ਉਹ ਹਿੱਸਾ ਜੋ ਐਸ.ਏ.ਐਸ.ਨਗਰ (ਮੋਹਾਲੀ) ਦੀ ਮੌਜੂਦਾ ਹਦੂਦ ਅੰਦਰ ਪੈਂਦਾ ਹੈ, ਦੀ ਉੱਤਰੀ ਬਾਹੀ ਤੋਂ ਚੱਲਦੇ ਹੋਏ ਪੁਆਇੰਟ **'ਅ'** ਤੱਕ ਜੋ ਕਿ ਸੈਕਟਰ -48 ਦੀ ਪੂਰਬੀ-ਦੱਖਣੀ ਬਾਹੀਂ ਵੱਲ ਸੈਕਟਰ ਰੋਡ, ਚੰਡੀਗੜ੍ਹ (ਯੂ.ਟੀ.) ਦੀ ਬਾਊਂਡਰੀ ਅਤੇ ਚੰਡੀਗੜ੍ਹ - ਲੁਧਿਆਣਾ ਰੇਲਵੇ ਲਾਈਨ ਦੇ ਮਿਲਾਨ ਤੇ ਪੈਂਦਾ ਹੈ।

ਪੂਰਬੀ-ਦੱਖਣੀ:- ਪੁਆਇੰਟ **'ਅ'** ਤੋਂ ਦੱਖਣੀ ਦਿਸ਼ਾ ਵੱਲ ਚੰਡੀਗੜ੍ਹ-ਲੁਧਿਆਣਾ ਰੇਲਵੇ ਲਾਈਨ ਦੀ ਬਾਹੀ ਦੇ ਨਾਲ ਚਲਦੇ ਹੋਏ ਪੁਆਇੰਟ **'ੲ'** ਤੱਕ। ਪੁਆਇੰਟ **ੲ** ਤੋਂ ਪੱਛਮੀ ਦਿਸ਼ਾ ਵੱਲ ਚਲਦੇ ਹੋਏ ਪੁਆਇੰਟ **'ਸ'** ਤੱਕ ਜੋ ਕਿ ਪਿੰਡ ਕੰਬਾਲੀ ਅਬਾਦੀ ਦੇਹ ਦੀ ਫਿਰਨੀ ਤੇ ਪੈਂਦਾ ਹੈ। ਪੁਆਇੰਟ **'ਸ'** ਤੋਂ ਇਸ ਫਿਰਨੀ ਦੀ ਪੂਰਬੀ ਬਾਹੀ ਤੇ ਚਲਦੇ ਹੋਏ ਪੁਆਇੰਟ **ਹ** ਤੱਕ। ਪੁਆਇੰਟ **'ਹ'** ਤੋਂ ਇਸ ਫਿਰਨੀ ਦੀ ਉੱਤਰੀ ਬਾਂਹੀ ਤੇ ਚੱਲਦੇ ਹੋਏ ਪੁਆਇੰਟ **'ਕ'** ਤੱਕ। ਪੁਆਇੰਟ **'ਕ'** ਤੋਂ ਇਸ ਫਿਰਨੀ ਦੀ ਪੱਛਮੀ ਬਾਹੀ ਤੇ ਚੱਲਦੇ ਹੋਏ ਪੁਆਇੰਟ **'ਖ'**

ਤੱਕ। ਪੁਆਇੰਟ **'ਖ'** ਤੋਂ ਇਸ ਫਿਰਨੀ ਦੀ ਦਖਣੀ ਬਾਂਹੀ ਤੇ ਚੱਲਦੇ ਹੋਏ/ਪੂਰਬੀ ਦਿਸ਼ਾ ਵੱਲ ਵੱਧਦੇ ਹੋਏ ਪੁਆਇੰਟ **'ਗ'** ਤੱਕ ਜੋ ਕਿ ਚੰਡੀਗੜ੍ਹ-ਲੁਧਿਆਣਾ ਰੇਲਵੇ ਲਾਈਨ ਦੀ ਬਾਹੀ ਤੇ ਪੈਂਦਾ ਹੈ। ਪੁਆਇੰਟ **'ਗ'** ਤੋਂ ਚੰਡੀਗੜ੍ਹ-ਲੁਧਿਆਣਾ ਰੇਲਵੇ ਲਾਈਨ ਦੀ ਬਾਹੀ ਦੇ ਨਾਲ ਦੱਖਣੀ ਦਿਸ਼ਾ ਵੱਲ ਵੱਧਦੇ ਹੋਏ ਪੁਆਇੰਟ **'ਘ'** ਤੱਕ ਜੋ ਕਿ ਸੈਕਟਰ 66 ਦਾ ਦੱਖਣੀ ਕੋਨਾ ਹੈ। ਪੁਆਇੰਟ **'ਘ'** ਤੋਂ ਪੂਰਬੀ ਦਿਸ਼ਾ ਵੱਲ ਵੱਧਦੇ ਹੋਏ ਪੁਆਇੰਟ **'ਙ'** ਤੱਕ ਜੋ ਕਿ ਸੈਕਟਰ 66 ਅਲਫਾ ਦਾ ਪੱਛਮੀ ਕੋਨਾ ਹੈ। ਪੁਆਇੰਟ **'ਙ'** ਤੋਂ ਗਮਾਡਾ/ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ ਪੰਜਾਬ ਵਲੋਂ ਪ੍ਰਵਾਨਤ ਕੀਤੇ ਗਏ ਪ੍ਰੋਜੈਕਟਾਂ (ਜੇ.ਐਲ.ਪੀ.ਐਲ ਅਤੇ ਯੈਲੋ ਸਟੋਨ) ਦੀ ਬਾਊਂਡਰੀ ਤੇ ਚੱਲਦੇ ਹੋਏ ਪੁਆਇੰਟ **'ਚ'** ਤੱਕ। ਪੁਆਇੰਟ **'ਚ'** ਤੋਂ ਸੈਕਟਰ ਰੋਡ ਤੇ ਦੱਖਣੀ ਦਿਸ਼ਾ ਵੱਲ ਵੱਧਦੇ ਹੋਏ ਪੁਆਇੰਟ **'ਛ'** ਤੱਕ। ਪੁਆਇੰਟ **'ਛ'** ਤੋਂ ਦੱਖਣੀ ਦਿਸ਼ਾ ਵੱਲ ਚੋਅ ਦੀ ਬਾਹੀ ਦੇ ਨਾਲ ਚਲਦੇ ਹੋਏ ਸੈਕਟਰ 82 ਵਿੱਚ ਪੁਆਇੰਟ **'ਜ'** ਤੱਕ। ਪੁਆਇੰਟ 'ਜ' ਤੋਂ ਪੂਰਬੀ ਦਿਸ਼ਾ ਵੱਲ ਵੱਧਦੇ ਹੋਏ ਪੁਆਇੰਟ **'ਝ'** ਤੱਕ। ਪੁਆਇੰਟ **'ਝ'** ਤੋਂ ਸੈਕਟਰ 82 ਦੀ ਪੂਰਬੀ ਦੱਖਣੀ ਬਾਹੀ ਦੇ ਨਾਲ ਚਲਦੇ ਹੋਏ ਪੁਆਇੰਟ **'ਞ'** ਤੱਕ ਜੋ ਕਿ ਸੈਕਟਰ 82 ਦਾ ਦੱਖਣੀ ਕੋਨਾ ਹੈ।

ਦੱਖਣੀ- ਪੱਛਮੀ:- ਪੁਆਇੰਟ **'ਞ'** ਤੋਂ ਸੈਕਟਰ 82 ਦੀ ਦੱਖਣੀ ਪੱਛਮੀ ਬਾਹੀਂ ਦੇ ਨਾਲ ਚੱਲਦੇ ਹੋਏ ਪੁਆਇੰਟ **'ਟ'** ਤੱਕ ਜੋ ਕਿ ਸੈਕਟਰ 82 ਦਾ ਪੱਛਮੀ ਕੋਨਾ ਹੈ। ਪੁਆਇੰਟ **'ਟ'** ਤੋਂ ਚੰਡੀਗੜ੍ਹ -ਲੁਧਿਆਣਾ ਰੇਲਵੇ ਲਾਈਨ ਅਤੇ ਸੈਕਟਰ 82 ਦੀ ਪੱਛਮੀ ਉੱਤਰੀ ਬਾਹੀ ਦੇ ਨਾਲ ਚਲਦੇ ਹੋਏ ਪੁਆਇੰਟ **'ਠ'** ਤੱਕ ਜੋ ਕਿ ਸੈਕਟਰ 82 ਦਾ ਉੱਤਰੀ ਕੋਨਾ ਹੈ। ਪੁਆਇੰਟ **'ਠ'** ਤੋਂ ਸੈਕਟਰ 81 ਦੀ ਪੂਰਬੀ ਉੱਤਰੀ ਬਾਹੀ ਦੇ ਨਾਲ ਚੱਲਦੇ ਹੋਏ ਪੁਆਇੰਟ **'ਡ'** ਤੱਕ ਜੋ ਕਿ ਸੈਕਟਰ 80 ਦਾ ਪੂਰਬੀ ਕੋਨਾ ਹੈ। ਪੁਆਇੰਟ **'ਡ'** ਤੋਂ ਦੱਖਣੀ ਦਿਸ਼ਾ ਵੱਲ ਸੈਕਟਰ 80 ਦੀ ਪੂਰਬੀ ਦੱਖਣੀ ਬਾਹੀ ਤੇ ਚੱਲਦੇ ਹੋਏ ਪੁਆਇੰਟ **'ਢ'** ਤੱਕ। ਪੁਆਇੰਟ **'ਢ'** ਤੋਂ ਉੱਤਰੀ ਦਿੱਸ਼ਾ ਵੱਲ ਚੱਲਦੇ ਹੋਏ ਪਿੰਡ ਮੌਲੀ ਬੈਦਵਾਨ ਅਬਾਦੀ ਦੇਹ ਦੀ ਫਿਰਨੀ ਦੀ ਪੂਰਬੀ, ਉੱਤਰੀ ਅਤੇ ਪੱਛਮੀ ਬਾਹੀਂ ਦੇ ਨਾਲ ਚੱਲਦੇ ਹੋਏ ਪੁਆਇੰਟ **'ਣ'** ਤੱਕ। ਪੁਆਇੰਟ **'ਣ'** ਤੋਂ ਦੱਖਣੀ ਦਿੱਸ਼ਾ ਵੱਲ ਸੈਕਟਰ 80 ਦੀ ਬਾਹੀ ਦੇ ਨਾਲ ਚਲਦੇ ਹੋਏ ਪੁਆਇੰਟ **'ਤ'** ਤੱਕ ਜੋ ਕਿ ਸੈਕਟਰ 80 ਦਾ ਦੱਖਣੀ ਕੋਨਾ ਹੈ। ਪੁਆਇੰਟ **'ਤ'** ਤੋਂ ਸੈਕਟਰ 80, 79, 78, 77 ਅਤੇ ਸੈਕਟਰ 76 ਦੀ ਦੱਖਣੀ ਪੱਛਮੀ ਬਾਹੀ ਦੇ ਨਾਲ ਚੱਲਦੇ ਹੋਏ ਪੁਆਇੰਟ **'ਥ'** ਤੱਕ, ਜੋ ਕਿ ਸੈਕਟਰ 76 ਦਾ ਪੱਛਮੀ ਕੋਨਾ ਹੈ। ਪੁਆਇੰਟ **'ਥ'** ਤੋਂ ਸੈਕਟਰ 90 ਵਿੱਚ ਪੈਂਦੇ ਉਦਯੋਗਿਕ ਅਸਟੇਟ ਦੀ ਬਾਉਂਡਰੀ ਤੇ ਚਲਦੇ ਹੋਏ ਪੁਆਇੰਟ **'ਦ'** ਤੱਕ ਜੋ ਕਿ ਸੈਕਟਰ 91 ਦੀ ਪੂਰਬੀ ਦੱਖਣੀ ਬਾਹੀ ਤੇ ਪੈਂਦਾ ਹੈ। ਪੁਆਇੰਟ **'ਦ'** ਤੋਂ ਸੈਕਟਰ 91 ਦੀ ਪੂਰਬੀ ਦੱਖਣੀ ਬਾਹੀ ਦੇ ਨਾਲ ਚੱਲਦੇ ਹੋਏ ਪੁਆਇੰਟ **'ਧ'** ਤੱਕ ਜੋ ਕਿ ਸੈਕਟਰ 91 ਦਾ ਦੱਖਣੀ ਕੋਨਾ ਹੈ। ਪੁਆਇੰਟ **'ਧ'** ਤੋਂ ਸੈਕਟਰ 91 ਅਤੇ 92 ਦੀ ਦੱਖਣੀ ਪੱਛਮੀ ਬਾਹੀ ਦੇ ਨਾਲ ਚੱਲਦੇ ਹੋਏ ਪੁਆਇੰਟ **'ਨ'** ਤੱਕ ਜੋ ਕਿ ਸੈਕਟਰ 92 ਦਾ ਪੱਛਮੀ ਕੋਨਾ ਹੈ।

ਪੱਛਮ-ਉੱਤਰੀ:- ਪੁਆਇੰਟ **'ਨ'** ਤੋਂ ਸੈਕਟਰ 92 ਦੀ ਪੱਛਮੀ ਉੱਤਰੀ ਬਾਹੀ ਤੇ ਚਲਦੇ ਹੋਏ ਪੁਆਇੰਟ **'ਪ'** ਤੱਕ। ਪੁਆਇੰਟ **'ਪ'** ਤੋਂ ਪਿੰਡ ਚਪੜਚਿੜੀ ਕਲਾਂ ਦੀ ਬਾਊਂਡਰੀ ਅਤੇ ਪਿੰਡ ਬਲਿਆਲੀ ਦੀ ਬਾਊਂਡਰੀ ਤੇ ਚੱਲਦੇ ਹੋਏ, ਫਿਰ ਪ੍ਰਵਾਨਤ ਟੀ.ਡੀ.ਆਈ. ਪ੍ਰੋਜੈਕਟ (ਸੈਕਟਰ 117 ਅਤੇ 118 ਵਿੱਚ ਪੈਂਦੇ ਹਿੱਸੇ) ਦੀ ਬਾਊਂਡਰੀ ਤੇ ਚੱਲਦੇ ਹੋਏ ਪੁਆਇੰਟ **'ਫ'** ਤੱਕ। ਪੁਆਇੰਟ **'ਫ'** ਤੋਂ ਪ੍ਰਵਾਨਤ ਟੀ.ਡੀ.ਆਈ. ਪ੍ਰੋਜੈਕਟ (ਸੈਕਟਰ 118 ਵਿੱਚ ਪੈਂਦੇ ਹਿੱਸੇ) ਅਤੇ ਗਰੀਨ ਇੰਨਕਲੇਵ ਦੀ ਬਾਊਂਡਰੀ ਤੇ ਚੱਲਦੇ ਹੋਏ ਪੁਆਇੰਟ **'ਬ'** ਤੱਕ। ਪੁਆਇੰਟ **'ਬ'** ਤੋਂ ਗਰੀਨ ਇੰਨਕਲੇਵ ਦੀ ਉੱਤਰੀ ਬਾਹੀ ਅਤੇ ਚੰਡੀਗੜ੍ਹ-ਖਰੜ ਸੜਕ ਦੀ ਦੱਖਣੀ ਬਾਹੀ ਤੇ ਚੱਲਦੇ ਹੋਏ ਪੁਆਇੰਟ **'ਭ'** ਤੱਕ ਜੋ ਕਿ ਸੈਕਟਰ 118 ਦਾ ਉੱਤਰੀ- ਪੂਰਬੀ ਕੋਨਾ ਹੈ। ਪੁਆਇੰਟ **'ਭ'** ਤੋਂ ਪਿੰਡ ਬਲੌਂਗੀ ਦੀ ਰੈਵੀਨਿਊ ਬਾਊਂਡਰੀ ਤੇ ਚੱਲਦੇ ਹੋਏ ਪੁਆਇੰਟ **'ਮ'** ਤੱਕ ਜੋ ਕਿ ਪਿੰਡ ਬੜਮਾਜਰਾ ਹੱਦ ਤੇ ਪੈਂਦਾ ਹੈ। ਪੁਆਇੰਟ **'ਮ'** ਤੋਂ ਪਿੰਡ ਬੜਮਾਜਰਾ ਦੀ ਰੈਵੀਨਿਊ ਬਾਊਂਡਰੀ ਤੋਂ ਉੱਤਰ ਦਿਸ਼ਾ ਵੱਲ ਚਲਦੇ ਹੋਏ ਪੁਆਇੰਟ **'ਯ'** ਤੱਕ। ਪੁਆਇੰਟ **'ਯ'** ਤੋਂ ਪਿੰਡ ਬੜਮਾਜਰਾ ਦੀ ਰੈਵੀਨਿਊ

ਬਾਉਂਡਰੀ ਤੇ ਚਲਦੇ ਹੋਏ ਪੁਆਇੰਟ 'ਰ' ਤੱਕ ਜੋ ਕਿ ਸੈਕਟਰ 56-ਏ ਦੀ ਹੱਦ ਤੇ ਮਿਲਦਾ ਹੈ। ਪੁਆਇੰਟ 'ਰ' ਤੋਂ ਸੈਕਟਰ 56-ਏ ਦੀ ਉੱਤਰ ਪੱਛਮੀ ਹੱਦ ਅਤੇ ਪਟਿਆਲਾ ਕੀ ਰਾਓ ਦੀ ਹੱਦ ਤੇ ਚਲਦੇ ਹੋਏ ਪੁਆਇੰਟ 'ੳ' ਤੱਕ ਜੋ ਕਿ ਸ਼ੁਰੂਆਤੀ ਪੁਆਇੰਟ ਹੈ।

**ਮਿਤੀ: ਚੰਡੀਗੜ੍ਹ:**
**10.12.2021**

**ਅਜੋਏ ਕੁਮਾਰ ਸਿਨਹਾ, ਆਈ.ਏ.ਐਸ.**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,**
**ਸਥਾਨਕ ਸਰਕਾਰ ਵਿਭਾਗ**

ਪਿ.ਅੰ.ਨੰ: 1/110/2015-2ਸਸ1/11604 ਮਿਤੀ, ਚੰਡੀਗੜ: 13/12/21

ਉਪਰੋਕਤ ਦਾ ਇੱਕ ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ, ਐਸ.ਏ.ਐਸ. ਨਗਰ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਅਧਿਸੂਚਨਾ ਸਰਕਾਰ ਦੇ ਅਸਧਾਰਣ ਗਜਟ ਵਿੱਚ ਛਾਪਣ ਦੀ ਖੇਚਲ ਕੀਤੀ ਜਾਵੇ।

**ਸੰਯੁਕਤ ਸਕੱਤਰ, ਸਥਾਨਕ ਸਰਕਾਰ**

ਪਿ.ਅੰ.ਨੰ: 1/110/2015-2ਸਸ1/11605 ਮਿਤੀ, ਚੰਡੀਗੜ: 13/12/21

ਇਸਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ, ਪੇਂਡੂ ਵਿਕਾਸ ਅਤੇ ਪੰਚਾਇਤਾਂ, ਪੰਜਾਬ, ਚੰਡੀਗੜ੍ਹ,
2. ਡਾਇਰੈਕਟਰ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ,
3. ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਜਾਬ, ਚੰਡੀਗੜ੍ਹ,
4. ਡਿਪਟੀ ਕਮਿਸਨਰ, ਐਸ.ਏ.ਐਸ. ਨਗਰ,
5. ਪ੍ਰੀਖਿਅਕ ਲੋਕਲ ਫੰਡ, ਅਕਾਊਂਟ ਪੰਜਾਬ,ਚੰਡੀਗੜ੍ਹ,
6. ਉਪ ਮੰਡਲ ਮੈਜਿਸਟਰੇਟ, ਐਸ.ਏ.ਐਸ. ਨਗਰ,
7. ਜਿਲਾ ਵਿਕਾਸ ਤੇ ਪੰਚਾਇਤ ਅਫਸਰ, ਐਸ.ਏ.ਐਸ. ਨਗਰ ਨੂੰ ਲਿਖਿਆ ਜਾਂਦਾ ਹੈ ਕਿ ਸਬੰਧਤ ਗ੍ਰਾਮ ਪੰਚਾਇਤਾਂ ਨੂੰ ਸੂਚਿਤ ਕਰਨਾ ਯਕੀਨੀ ਬਨਾਉਣ,
8. ਸੁਪਰਡੰਟ (ਚੋਣ ਸ਼ਾਖਾ), ਦਫਤਰ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ,
9. ਸੀਨੀਅਰ ਟਾਊਨ ਪਲੈਨਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ,
10. ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਐਸ.ਏ.ਐਸ. ਨਗਰ,
11. ਕਮਿਸ਼ਨਰ, ਨਗਰ ਨਿਗਮ, ਐਸ.ਏ.ਐਸ. ਨਗਰ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ :-

    1) ਇਸ ਅਧਿਸੂਚਨਾਂ ਸਬੰਧੀ ਖੁੱਲੀ ਪਬਲੀਸਿਟੀ ਕਰਵਾਈ ਜਾਵੇ ਅਤੇ ਇਸ ਦੀਆਂ ਕਾਪੀਆਂ ਜਿਲ੍ਹਾਂ ਕੋਰਟ, ਤਹਿਸੀਲ ਕੋਰਟ ਅਤੇ ਨਗਰ ਨਿਗਮ ਦੇ ਨੋਟਿਸ ਬੋਰਡ ਤੇ ਲਗਵਾਈਆਂ ਜਾਣ।
    2) ਢੋਲ/ਸਪੀਕਰ ਰਾਂਹੀ ਮੁਸਤਵੀ ਮੁਨਿਆਦੀ ਕਰਵਾਕੇ ਇਸਦਾ ਲੋਕ ਪ੍ਰਚਾਰ ਕੀਤਾ ਜਾਵੇ ਅਤੇ ਇਹ ਅਧਿਸੂਚਨਾਂ ਪ੍ਰਚਿਲਤ ਦੋ ਅਖਬਾਰਾਂ (ਅੰਗਰੇਜੀ ਅਤੇ ਪੰਜਾਬੀ) ਵਿੱਚ ਛਪਵਾਇਆ ਜਾਵੇ, ਅਖਬਾਰ ਦੀਆਂ ਕਾਪੀਆਂ ਇਸ ਦਫਤਰ ਨੂੰ ਭੇਜੀਆਂ ਜਾਣ।
    3) ਮਿਥੇ ਸਮੇਂ ਦੇ ਅੰਦਰ ਪ੍ਰਾਪਤ ਇਤਰਾਜਾਂ ਤੇ ਟਿਪਣੀ ਦਿੰਦੇ ਹੋਏ ਇਸ ਦਫਤਰ ਨੂੰ ਦਸਤੀ ਭੇਜਣ ਦੀ ਖੇਚਲ ਕੀਤੀ ਜਾਵੇ।

**ਸੰਯੁਕਤ ਸਕੱਤਰ, ਸਥਾਨਕ ਸਰਕਾਰ**